ਸੈਸ਼ਨ 2020–21

DEPARTMENT OF SCHOOL EDUCATION

ਸ਼ੀਟ ਨੰ: 13

# ਈ–ਸ਼ਬਦ




## ਅੱਜ ਦਾ ਸ਼ਬਦ "ਬੂਟਿੰਗ"

"ਬੂਟਿੰਗ" ਸ਼ਬਦ ਤੋਂ ਭਾਵ ਹੈ ਤਿਆਰ ਹੋਣਾ। ਕੰਪਿਊਟਰ ਸਿਸਟਮ ਵਿੱਚ ਇਹ ਉਸ ਸਮੇਂ ਚੱਲਣ ਵਾਲੀ ਪ੍ਰਕਿਰਿਆ ਹੁੰਦੀ ਹੈ ਜਦੋਂ ਕਿਸੇ ਬੰਦ ਪਏ ਕੰਪਿਊਟਰ ਨੂੰ ਸਟਾਰਟ (Start) ਕੀਤਾ ਜਾਂਦਾ ਹੈ। ਬੂਟਿੰਗ ਪ੍ਰੋਸੈੱਸ (Booting Process) ਆਮ ਤੌਰ ਤੇ ਕੰਪਿਊਟਰ ਦਾ ਪਾਵਰ ਬਟਨ (Power Button) ਆਨ (ON) ਕਰਨ ਤੋਂ ਲੈ ਕੇ ਡੈਸਕਟਾਪ (Desktop) ਨਜ਼ਰ ਆਉਣ ਤੱਕ ਦਾ ਸਮਾਂ ਹੁੰਦਾ ਹੈ। ਇਸ ਸਮੇਂ ਦੌਰਾਨ ਕੰਪਿਊਟਰ ਵਿੱਚ ਸਟੋਰ ਕੀਤਾ ਆਪ੍ਰੇਟਿੰਗ ਸਿਸਟਮ (Operating System) ਕੰਪਿਊਟਰ ਦੀ ਮੁੱਖ ਮੈਮਰੀ (RAM) ਵਿੱਚ ਲੋਡ (Load) ਕੀਤਾ ਜਾਂਦਾ ਹੈ। ਭਾਵ, ਇਸ ਪ੍ਰੋਸੈੱਸ (Process) ਦੌਰਾਨ ਕੰਪਿਊਟਰ ਚੱਲਣ ਲਈ ਤਿਆਰ ਹੋ ਰਿਹਾ ਹੁੰਦਾ ਹੈ ਜਿਸ ਕਾਰਨ ਇਸ ਪ੍ਰੋਸੈੱਸ ਨੂੰ "ਬੂਟਿੰਗ" ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਪ੍ਰੋਸੈੱਸ ਵਿੱਚ ਲੱਗਣ ਦਾ ਸਮਾਂ ਕੰਪਿਊਟਰ ਦੀ ਰਫ਼ਤਾਰ, ਮੈਮਰੀ ਸਮਰੱਥਾ ਅਤੇ ਕੰਪਿਊਟਰ ਵਿੱਚ ਇੰਸਟਾਲ (Install) ਆਪ੍ਰੇਟਿੰਗ ਸਿਸਟਮ ਤੇ ਨਿਰਭਰ ਕਰਦਾ ਹੈ। ਇਹ ਪ੍ਰੋਸੈੱਸ ਹਾਰਡਵੇਅਰ ਅਤੇ ਸਾਫਟਵੇਅਰ ਦੇ ਆਪਸੀ ਤਾਲਮੇਲ ਨਾਲ ਸੰਬੰਧਤ ਹੁੰਦਾ ਹੈ। ਕੰਪਿਊਟਰ ਹਾਰਡ-ਡਿਸਕ (Hard Disk) (ਸਥਾਈ ਸਟੋਰੇਜ਼) ਦੇ ਜਿਸ ਭਾਗ ਵਿੱਚ ਆਪ੍ਰੇਟਿੰਗ ਸਿਸਟਮ ਨੂੰ ਲੋਡ ਕਰਨ ਸੰਬੰਧੀ ਹਦਾਇਤਾਂ ਅਤੇ ਫਾਈਲਾਂ (Files) ਹੁੰਦੀਆਂ ਹਨ ਉਸ ਨੂੰ MBR ਵਜੋਂ ਜਾਣਿਆ ਜਾਂਦਾ ਹੈ। MBR ਦਾ ਪੂਰਾ ਨਾਂ "ਮਾਸਟਰ ਬੂਟ ਰਿਕਾਰਡ (Master Boot Record)" ਹੁੰਦਾ ਹੈ।

## Word of the Day is "**Booting**"

"Booting" means getting ready. This is a process which carried out when we start a powered OFF computer. Booting process is basically a process between pressing the ON button and appearing Desktop. Operating System stored within a computer is getting loaded into main memory (RAM) of computer system during this time. It means, a computer is getting ready to have started during this time. That's why this process is called "Booting". The time taken by this process may depend on the Speed of computer, Storage Capacity and Operating system installed on the computer. This process is related with hardware and software's integration. The part of Hard Disk that stores the instruction to load the Operating System is known as MBR. Full form of MBR is "Master Boot Record".

### ਰੋਚਕ ਤੱਥ:-

**ਕੰਪਿਊਟਰ ਬੂਟਿੰਗ ਦੀ ਸ਼ੁਰੂਆਤ ਹਮੇਸ਼ਾ BIOS ਦੁਆਰਾ ਹੁੰਦੀ ਹੈ। BIOS ਸ਼ਬਦ Greek ਭਾਸ਼ਾ ਤੋਂ ਲਿਆ ਗਿਆ ਹੈ ਜਿਸ ਦਾ ਭਾਵ ਹੁੰਦਾ ਹੈ "ਜ਼ਿੰਦਗੀ"। ਇਹ ਇੱਕ ਚਿੱਪ ਦੇ ਰੂਪ ਵਿੱਚ ਮਦਰਬੋਰਡ ਤੇ ਲੱਗੀ ਹੁੰਦੀ ਹੈ ਜਿਸ ਵਿੱਚ ਹਾਰਡਵੇਅਰ ਨੂੰ ਸਟਾਰਟ ਕਰਨ ਦੀਆਂ ਹਦਾਇਤਾਂ ਸਟੋਰ ਹੁੰਦੀਆਂ ਹਨ।**

### Interesting Facts:-

Booting process of computer is always started by BIOS. BIOS word is a taken from Greek language which means "Life". This is installed in the form of a chip on motherboard which is having instructions to start a computer.